# First Term Examination (21 September 2017)

**Class - IX**

**Paper - Punjabi**

**Set - A**

**Time: 3 hrs.** **MM: 80**

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਵਿੱਚ ਦਿਓ:** **(4×1=4)**

ੳ) ਵਿਸਾਖ ਦੇ ਮਹੀਨੇ ਕਿਹੜੀ ਫਸਲ ਵੱਢੀ ਗਈ ਸੀ?

ਅ) 'ਪ੍ਰਦੇਸ ਨਾ ਤੂੰ ਤੋਰੀ ਬਾਬਲਾ' ਕਹਾਣੀ ਕਿਸ ਦੀ ਲਿਖੀ ਹੋਈ ਹੈ?

ੲ) ਕਿੰਨੇ ਸਾਲ ਦੇ ਅਭਿਆਸ ਦੇ ਬਾਅਦ ਆਦਮੀ ਨੇ ਪਾਣੀ ਤੇ ਤੁਰਨ ਦੀ ਯੋਗਤਾ ਪ੍ਰਾਪਤ ਕੀਤੀ?

ਸ) 'ਗੱਪਬਾਜ਼' ਪਾਠ ਅਨੁਸਾਰ ਅੱਜ ਦੇ ਗੱਪੀ ਕਿਸ ਦੀ ਔਲਾਦ ਹਨ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-35 ਸ਼ਬਦਾਂ ਵਿੱਚ ਲਿਖੋ:** **(6×2=12)**

ੳ) ਜੀਊਣੇ ਹੋਰੀ ਸੱਦਾ ਸਿੰਘ ਦੇ ਕਿਵੇਂ ਦੁਖੀ ਕੀਤੇ ਹੋਏ ਸਨ?

ਅ) ਬੇਰੁਜ਼ਗਾਰ ਕੁੜੀਆਂ ਵੱਲੋਂ ਨੌਕਰੀ ਮੰਗਣ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਕੀ ਸਲੂਕ ਕੀਤਾ ਜਾਂਦਾ ਹੈ?

ੲ) ਕਰਤਾਰ ਸਿੰਘ ਸਰਾਭਾ ਦੇ ਮੁੱਢਲੇ ਜੀਵਨ ਬਾਰੇ ਲਿਖੋ।

ਸ) ਕਲਪਨਾ ਚਾਵਲਾ ਪਹਿਲੀ ਵਾਰ ਪੁਲਾੜ ਵਿੱਚ ਕਦੋਂ ਗਈ ਅਤੇ ਉਸ ਮਿਸ਼ਨ ਦਾ ਉਦੇਸ਼ ਕੀ ਸੀ?

ਹ) ਕਬੱਡੀ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਕਿਉਂ ਹੈ?

ਕ) ਅਮਰੀਕਾ ਪਹੁੰਚਣ ਤੇ ਕਰਤਾਰ ਸਿੰਘ ਸਰਾਭਾ ਦੀ ਇਮੀਗਰੇਸ਼ਨ ਅਧਿਕਾਰੀ ਨਾਲ ਕੀ ਗੱਲਬਾਤ ਹੋਈ?

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ।** **(1×5=5)**

'ਕਿਰਤ ਦਾ ਸਤਿਕਾਰ' ਇਕਾਂਗੀ ਦੇ ਪਾਤਰ ਕਿਸ਼ਨ ਦੀ ਪਾਤਰ ਉਸਾਰੀ ਕਰੋ।

**ਜਾਂ**

'ਸਮਾਂ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ।

**4) ਕਦਰਾਂ ਕੀਮਤਾਂ ਤੇ ਅਧਾਰਤ** **(4)**

ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਕਿਉਂ ਵੱਧ ਰਿਹਾ ਹੈ? ਇਸ ਸੰਬੰਧੀ ਆਪਣੇ ਵਿਚਾਰ 100-125 ਸ਼ਬਦਾਂ ਵਿੱਚ ਲਿਖੋ।

Set - A

**5ੳ) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:**

ਵੀਹਵੀਂ ਸਦੀ ਦੀਆਂ ਜੰਗਾਂ ਅਤੇ ਪੁਰਾਤਨ ਸਮੇਂ ਦੀਆਂ ਜੰਗਾਂ ਵਿੱਚ ਜ਼ਮੀਨ-ਅਸਮਾਨ ਦਾ ਫ਼ਰਕ ਹੈ। ਹੁਣ ਤੀਰਾਂ, ਬਰਛਿਆਂ, ਤਲਵਾਰਾਂ ਅਤੇ ਢਾਲਾਂ ਨੂੰ ਕਿਸੇ ਨਹੀਂ ਪੁੱਛਣਾ। ਹੁਣ ਤਾਂ ਮਾਰੂ ਬੰਬਾਂ, ਅੱਗ ਵਰ੍ਹਾਊ ਹਵਾਈ ਜਹਾਜ਼ਾਂ, ਰਾਕਟਾਂ, ਮਾਰੂ ਤੋਪਾਂ ਅਤੇ ਮਿਜ਼ਾਈਲਾਂ ਆਦਿ ਨੇ ਆਪਣੇ ਕਰਤੱਵ ਦਿਖਾਣੇ ਹਨ। ਜਿੱਥੇ ਪਹਿਲਾਂ ਰਣ-ਭੂਮੀ ਵਿੱਚ ਹੀ ਤਬਾਹੀ ਹੁੰਦੀ ਸੀ ਉੱਥੇ ਹੁਣ ਸਾਰੀ ਦੁਨੀਆ ਵਿੱਚ ਅੱਗ ਵਰ੍ਹਨ ਲਗ ਪੈਂਦੀ ਹੈ। ਪਹਿਲਾਂ ਸਰੀਰਕ ਤੌਰ 'ਤੇ ਸ਼ਕਤੀਸ਼ਾਲੀ ਜਿੱਤਦਾ ਹੁੰਦਾ ਸੀ ਹੁਣ ਦਿਮਾਗੀ ਤੌਰ 'ਤੇ ਲਾਇਕ ਦੀ ਜਿੱਤ ਹੁੰਦੀ ਹੈ। ਜਿਸ ਦੇਸ਼ ਦੇ ਸਾਇੰਸਦਾਨ ਮਾਰੂ ਹਥਿਆਰਾਂ ਦੀ ਕਾਢ ਵਿੱਚ ਅੱਗੇ ਹੋਣਗੇ ਉਹੀ ਦੇਸ਼ ਆਪਣੀ ਫ਼ੌਜੀ ਸ਼ਕਤੀ ਨੂੰ ਸਵੈ-ਰੱਖਿਆ ਲਈ ਵਰਤਨ ਵਿੱਚ ਸਫਲ ਹੋ ਸਕੇਗਾ। ਪਰ ਜਿਉਂ-ਜਿਉਂ ਸਾਇੰਸ ਦੀਆਂ ਨਿਤ ਵਨੀਆਂ ਕਾਢਾਂ ਨਵੇਂ-ਨਵੇਂ ਮਾਰੂ ਹਥਿਆਰਾਂ ਦੀ ਕਾਢ ਕੱਢਦੀਆਂ ਜਾ ਰਹੀਆਂ ਹਨ, ਸੰਸਾਰ ਅਮਨ ਦੇ ਭੰਗ ਹੋਣ ਦਾ ਖ਼ਤਰਾ ਉਤਨਾ ਹੀ ਵਧੇਰੇ ਪੈਦਾ ਹੋ ਰਿਹਾ ਹੈ। ਇਹ ਭਿਆਨਕ ਤਬਾਹੀ ਦੇ ਸਾਧਨ ਕੇਵਲ ਫ਼ੌਜੀ ਟਿਕਾਣਿਆਂ ਦਾ ਹੀ ਨੁਕਸਾਨ ਨਹੀਂ ਕਰਦੇ ਸਗੋਂ, ਇਹਨਾਂ ਦੀ ਤਬਾਹੀ ਦਾ ਸ਼ਿਕਾਰ ਆਮ ਇਨਸਾਨ ਵੀ ਹੋ ਜਾਂਦੇ ਹਨ।

ਪ੍ਰਸ਼ਨ 1. ਅਜੋਕੀਆਂ ਅਤੇ ਪੁਰਾਤਨ ਜੰਗਾਂ ਵਿਚ ਕੀ ਫ਼ਰਕ ਹੈ ? (2)

ਪ੍ਰਸ਼ਨ 2. ਪਹਿਲੀਆਂ ਲੜਾਈਆਂ ਵਿਚ ਤਬਾਹੀ ਕਿੱਥੇ ਹੁੰਦੀ ਸੀ ? (2)

ਪ੍ਰਸ਼ਨ 3. ਅਜੋਕੇ ਯੁੱਧ ਵਿਚ ਜਿੱਤ ਕਿਸ ਨੂੰ ਪ੍ਰਾਪਤ ਹੁੰਦੀ ਹੈ ? (2)

ਪ੍ਰਸ਼ਨ 4. ਸੰਸਾਰ ਅਮਨ ਦੇ ਭੰਗ ਹੋਣ ਦਾ ਖ਼ਤਰਾ ਕਿਉਂ ਵੱਧ ਰਿਹਾ ਹੈ ? (2)

ਪ੍ਰਸ਼ਨ 5. ਪੈਰੇ ਦਾ ਢੁਕਵਾਂ ਸਿਰਲੇਖ ਦਿਓ। (1)

**ਅ) ਹੇਠ ਲਿਖੀ ਅਣਡਿੱਠੀ ਕਾਵਿ-ਟੁਕੜੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।**

ਬਾਲ, ਬੁੱਢੇ, ਗੱਭਰੂ ਮੇਲੇ 'ਚ ਆਏ ਨੇ।
ਟੁੰਬ-ਟੁੰਬ ਰੀਝਾਂ ਨੇ ਸਾਰੇ ਜਗਾਏ ਨੇ।
ਭਾਂਤੋ-ਭਾਂਤ ਦਿਲ ਭਾਂਤੋ-ਭਾਂਤ ਮਾਲ ਨੇ।
ਟੋਲ ਰਹੇ ਆਪੋ-ਆਪਣਾ ਖ਼ਿਆਲ ਨੇ।
ਮੇਲੇ ਦੀ ਬਹਾਰ ਤੇ ਤ੍ਰਿਕਾਲਾਂ ਤੀਕ ਏ।
ਸੌਦਾ ਲੈ ਵਿਹਾਜ ਜਿਦ੍ਹੀ ਜੋ ਤੌਫ਼ੀਕ ਏ।
ਪਲੋ-ਪਲੀ ਵਿੱਚ ਹੋਣੀ ਚਲੋ ਚਲੀ ਏ।
ਚੱਲ ਨੀ ਪਰੇਮੀਏ ਵਿਸਾਖੀ ਚੱਲੀਏ।

ਪ੍ਰ. ਮੇਲਾ ਦੇਖਣ ਲਈ ਕੌਣ-ਕੌਣ ਤੇ ਕਿਉਂ ਆਏ ਹਨ? (2)

ਪ੍ਰ. ਲੋਕ ਕਿਸ-ਕਿਸ ਤਰ੍ਹਾਂ ਮਾਲ ਖਰੀਦਣ ਵਿੱਚ ਦਿਲਚਸਪੀ ਲੈ ਰਹੇ ਹਨ? (2)

ਪ੍ਰ. ਵਿਸਾਖੀ ਦਾ ਮੇਲਾ ਕਿਵੇਂ ਮਨਾਇਆ ਜਾਂਦਾ ਹੈ? (2)



Set - A

## ਲਿਖਣ ਕੌਸ਼ਲ

**6) ਕਿਸੇ ਇਕ ਵਿਸ਼ੇ ਤੇ 200-250 ਸ਼ਬਦਾਂ ਦਾ ਲੇਖ ਲਿਖੋ:** **(10)**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ**

ਨੁਕਤੇ -

ਭੂਮਿਕਾ, ਜਨਮ ਅਤੇ ਬਚਪਨ, ਪਿਤਾ ਦੀ ਸ਼ਹੀਦੀ, ਗੁਰਗੱਦੀ ਤੇ ਬੈਠਣਾ, ਖਾਲਸਾ ਪੰਥ ਦੀ ਸਾਜਨਾ, ਮੁਗਲ ਫੌਜਾਂ ਨਾਲ ਯੁੱਧ ਤੇ ਕੁਰਬਾਨੀਆਂ, ਮਹਾਨ ਸਾਹਿਤਕਾਰ, ਜੋਤੀ-ਜੋਤਿ ਸਮਾਉਣਾ

**ਜਾਂ**

**ਬੇਰੁਜ਼ਗਾਰੀ : ਇੱਕ ਗੰਭੀਰ ਸਮੱਸਿਆ**

ਨੁਕਤੇ -

ਭੂਮਿਕਾ, ਇੱਕ ਸਰਾਪ ਵਜੋਂ, ਵਿਸ਼ਵ ਵਿਆਪੀ ਸਮੱਸਿਆ, ਵਧਦੀ ਆਬਾਦੀ, ਮਸ਼ੀਨੀਕਰਨ,
ਦੋਸ਼ਪੂਰਨ ਵਿੱਦਿਆ ਪ੍ਰਣਾਲੀ, ਹੱਲ, ਸੁਝਾਅ

**7) ਕਿਸੇ ਇੱਕ ਵਿਸ਼ੇ ਤੇ ਪੱਤਰ ਲਿਖੋ।** **(8)**

ਤੁਹਾਡਾ ਛੋਟਾ ਭਰਾ ਕਿਤਾਬੀ ਕੀੜਾ ਹੈ, ਉਸ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਨਾ ਪੱਤਰ ਲਿਖੋ।

**ਜਾਂ**

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਇੱਕ ਬਿਨੈ-ਪੱਤਰ ਲਿਖੋ ਜਿਸ ਰਾਹੀਂ ਸਕੂਲ ਦੀ ਲਾਇਬਰੇਰੀ ਵਿੱਚ ਪੰਜਾਬੀ ਅਖਬਾਰਾਂ ਮੰਗਵਾਉਣ ਦੀ ਮੰਗ ਕਰੋ।

**8) ਹੇਠਾਂ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਨਣ ਕਰੋ:** **(7)**





Set- A

## ਵਿਆਕਰਨ (ਬਹੁ ਵਿਕਲਪੀ ਅਤੇ ਛੋਟੇ ਪ੍ਰਸ਼ਨ)

**9ੳ) 'ਸਦਾਚਾਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:** (3)

ੳ) ਬੇਈਮਾਨ ਅ) ਇਮਾਨਦਾਰ ੲ) ਕਪਟੀ ਸ) ਦੁਰਾਚਾਰ

**ਅ) 'ਗੁਪਤ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:**

ੳ) ਹਨੇਰਾ ਅ) ਪ੍ਰਗਟ ੲ) ਕਾਲਾ ਸ) ਖਤਰਨਾਕ

**ੲ) 'ਨਕਦ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ:**

ੳ) ਮਹਿੰਗਾ ਅ) ਵਧੀਆ ੲ) ਉਧਾਰ ਸ) ਸਸਤਾ

**10ੳ) 'ਸਹੇਲੀ' ਸ਼ਬਦ ਦਾ ਪੁਲਿੰਗ ਚੁਣੋ:** (3)

ੳ) ਸਹੇਲਾ ਅ) ਸਾਥੀ ੲ) ਮਿੱਤਰ ਸ) ਸਹੇਲਣ

**ਅ) 'ਕਸਾਈ' ਸ਼ਬਦ ਦਾ ਇਸਤਰੀ ਲਿੰਗ ਚੁਣੋ:**

ੳ) ਕਸਾਈਅਨ ਅ) ਕਸਾਈਨ ੲ) ਕਸੈਣ ਸ) ਕਸਾਇਣ

**ੲ) ਹੇਠ ਲਿਖਿਆਂ ਵਿੱਚੋਂ ਇਸਤਰੀ ਲਿੰਗ ਚੁਣੋ:**

ੳ) ਨਾਨਾ, ਮਾਮਾ, ਤਾਇਆ ਅ) ਪਿਤਾ, ਚਾਚਾ, ਨਾਨਾ

ੲ) ਹਾਥੀ, ਘੋੜਾ, ਬਿੱਲਾ ਸ) ਮੋਰਨੀ, ਘੜੀ, ਜੱਟੀ

**11) ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** (3)

ੳ) ਚੂਹਾ ਨੇ ਕਿਤਾਬ ਕੁਤਰੀ।

ਅ) ਤੁਸੀਂ ਜਾ ਰਹੇ ਹੋ ਦੇਸ਼ ਆਪਣੇ ਕਦੋਂ?

ੲ) ਪ੍ਰਸਿੱਧ ਨਾਵਲਕਾਰ ਹੈ ਨਾਨਕ ਸਿੰਘ।

**12ੳ)** ਵਿਸਮਿਕ ਕਿਸ ਨੂੰ ਆਖਦੇ ਹਨ? (3)

ਅ) 'ਕਾਸ਼! ਮੇਰੀ ਲਾਟਰੀ ਨਿਕਲ ਆਵੇ।' ਵਾਕ ਵਿੱਚ ਕਿਸ ਪ੍ਰਕਾਰ ਦੇ ਵਿਸਮਿਕ ਦੀ ਵਰਤੋਂ ਹੋਈ ਹੈ?

ੲ) 'ਹਾਏ ਓ ਰੱਬਾ! ਅਫਸੋਸ! ਉਫ਼! ਵਿਸਮਿਕ ਕਿਹੜੀ ਕਿਸਮ ਦੇ ਹਨ?

**13) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕਾਂ ਵਿੱਚ ਵਰਤੋ:** (3)

ਉਂਗਲਾਂ ਤੇ ਨਚਾਉਣਾ, ਇੱਕ ਅੱਖ ਨਾਲ ਵੇਖਣਾ, ਅੱਖਾਂ ਤੇ ਬਿਠਾਉਣਾ



Set - A